ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-23 ਨੰਬਰ-38

9 ਤੋਂ 15 ਪੋਹ 2072 - 24 to 30 December 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

**ਚੋਰੀ ਧਾੜੇ ਥੀਂ ਭੀ ਬਡਾ ਪਾਪ ਹੈ।**



ਕੁਕਪੂਣਾ ਉਹਦਾ ਕਿੱਥੇ ਜਾਂਦਾ ਹੈ, ਜਿਹੜਾ ਲੈ ਕੇ ਕਰਜਾ, ਜਿਹਦਾ ਦਿਲ ਬੇਈਮਾਨ ਹੁੰਦਾ ਹੈ-ਕਿ ਮੈਂ ਨਾ ਦਿਆਂ। ਉਹ ਕੋਈ ਭੀ ਹੋਏ ਭਾਵੇਂ, ਇਹ ਉਹਨੂੰ ਧਿਆਨ ਕਰਨਾ ਚਾਹੀਦਾ ਹੈ ਕਿ ਚੋਰੀ ਧਾੜੇ ਥੀਂ ਭੀ ਬਡਾ ਪਾਪ ਹੈ।

# ਯਾਦ ਪੁਰਾਣੀ ਨਹੀਂ ਹੋਈ

ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ 23 ਦਸੰਬਰ 2012 ਈ. ਨੂੰ ਉਹਨਾਂ ਨਮਿਤ ਸ੍ਰੀ ਭੈਣੀ ਸਾਹਿਬ ਦੀ ਧਰਤੀ ਨੇ ਬਹੁਤ ਵਡਾ ਸਮਾਗਮ ਕੀਤਾ, ਯਾਦਗਾਰੀ ਸਮਾਗਮ, ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸਮਾਗਮ। ਇਸ ਸਮਾਗਮ ਵਿੱਚ ਰਾਜਨੀਤਕ ਆਗੂ, ਧਾਰਮਿਕ ਸਮਾਜਿਕ ਆਗੂ, ਸਤਿਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਆਪਣਾ ਸਤਿਕਾਰ ਭੇਟ ਕਰਨ ਆਏ। ਉਹਨਾਂ ਤਾਂ ਆਪਣੇ ਦਿਲਾਂ ਦੇ ਵਲਵਲੇ ਪੇਸ਼ ਕੀਤੇ ਹੀ, ਪਰ ਸੁਣਨ ਵਾਲਿਆਂ ਦੇ ਦਿਲਾਂ ਵਿੱਚ ਇਕ ਵੱਖਰੀ ਹੀ ਸੋਚ ਫਿਰ ਰਹੀ ਸੀ। ਉਸ ਸੋਚ ਦੀ ਸਾਂਝ ਕਿਸੇ ਰਾਹੀ ਪੇਸ਼ ਕੀਤੇ ਗਏ ਵਿਚਾਰਾਂ ਨੂੰ ਸ਼ਬਦਾ ਨਾਲ ਗੁੰਦਣ ਤੋਂ ਵਧ ਆਪਣੇ ਅੰਦਰ ਉਠਦੇ ਤੁਫਾਨਾਂ ਨਾਲ ਸੀ। ਉਹ ਸਾਂਝ ਉਸ ਸ਼ਹੋਸਾਗਰ ਨਾਲ ਸੀ ਜਿਸਦੀ ਉਹ ਇੱਕ ਬੂੰਦ ਸਨ।

ਸਾਮਣੇ ਬੈਠੀ ਦੂਰ ਤਕ ਦਿਖਾਈ ਦੇਂਦੀ ਸਾਧ-ਸੰਗਤ ਨੂੰ ਇਹ ਵੀ ਧਿਆਨ ਨਹੀਂ ਸੀ ਕਿ ਸੂਰਜ ਕਿਉ ਲੁਕਿਆ ਹੋਇਆ ਹੈ। ਧੁੰਧ ਕਿਉ ਛਾਈ ਹੋਈ ਹੈ ਉਹਨਾਂ ਹੇਠ ਵਿਛਿਆ ਵਿਛਾਈਆਂ ਕਿਊ ਪੂਰੀਆ ਸੁਕੀਆ ਹੋਈਆ ਨਹੀਂ ਸਨ। ਉਹ ਤਾਂ ਆਪ ਅੰਦਰੋ ਪਤਾ ਨਹੀਂ ਕਿਨ੍ਹੇ ਕੁ ਉਸਦੇ ਮੋਹ ਪਿਆਰ ਵਿੱਚ ਭਿਜੇ ਹੋਏ ਸਨ। ਉਹਨਾਂ ਸਿਆਣੀ ਉਮਰ ਦੇ ਸਿੱਖਾਂ ਵਿੱਚੋਂ ਕਈਆਂ ਨੇ ਵਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਦਾ ਜਲੌਅ ਵੀ ਵੇਖਿਆਂ ਸੀ, ਉਹਨਾਂ ਨਾਲ ਪੈਲ੍ਹੀਆ ਵੀ ਸਵਾਰੀਆਂ ਸਨ। ਉਹਨਾਂ ਕੋਲੋ ਆਪਣੇ ਸਤਿਗੁਰੂ ਜੀ ਦੀ ਸਿਫਤ ਕਰਨੀ, ਉਸਦੀ ਆਗਿਆ ਮੰਨਣੀ, ਉਸਦੀ ਖ਼ੁਸ਼ੀ ਲੈਣੀ ਵੀ ਸਿੱਖੀ ਸੀ।



**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਸੇਵਕਾਂ ਤੋਂ ਸ੍ਰੀ ਸਤਿਗੁਰੂ ਜੀ ਦੀ ਦਸਤਾਰ ਸਵੀਕਾਰ ਕਰਦੇ ਹੋਏ ਸ੍ਰੀ ਸਤਿਗੁਰੂ ਉਦੈ ਸਿੰਘ ਜੀ - ਸ੍ਰੀ ਭੈਣੀ ਸਾਹਿਬ, 23 ਦਸੰਬਰ 2012**

(ਬਾਕੀ ਸਫਾ 2 'ਤੇ)

## ਸ੍ਰੀ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸਮਾਗਮ ਬੰਕੋਕ (ਸਿਆਮ)

**13 ਦਸੰਬਰ 2015:** ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਸੰਤ ਅਵਤਾਰ ਸਿੰਘ ਗੋਰੇਵਾਰਾ ਦੇ ਗ੍ਰਿਹਿ ਵਿਖੇ ਰਾਗੀ ਹਰਬੰਸ ਸਿੰਘ ਘੁਲਾ, ਵੀਰ ਸਿੰਘ ਰਾਗੀ ਨੇ ਕੀਤਾ। ਸੰਤ ਮਹਿੰਦਰ ਸਿੰਘ 'ਪ੍ਰੀਤ' ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਆਪਣੀ ਲਿਖ਼ਤ ਪੈਂਤੀ ਅੱਖਰੀ ਪੜ੍ਹੀ ਉਪਰੰਤ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੁਖਵਿੰਦਰ ਸਿੰਘ ਲਾਇਲ ਨੇ ਬੇਅੰਤ ਪਾਤਸ਼ਾਹ ਜੀ ਦੀਆਂ ਸਾਖੀਆਂ ਸਾਧ-ਸੰਗਤ ਨਾਲ ਸਾਂਝੀਆਂ ਕੀਤੀਆਂ।

13-12-15 : **ਸ਼ਾਮ ਦਾ ਦੀਵਾਨ**, ਅੱਜ ਸ਼ਾਮ ਦਾ ਨਿਤਨੇਮ ਨਾਮਧਾਰੀ ਧਰਮਸ਼ਾਲਾ ਸੋਏ ਅਸੋਕ ਬੰਕੋਕ ਵਿਖੇ ਸ਼ਾਮ 5 ਵਜੇ ਆਰੰਭ ਹੋਇਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਸਾਧ-ਸੰਗਤ ਸੁਣ ਤੇ ਮਾਣ ਰਹੀ ਸੀ। ਅੱਜ ਧਰਮਸ਼ਾਲਾ ਦਾ ਹਾਲ ਸਾਧ-ਸੰਗਤ ਨਾਲ ਭਰਿਆ ਪਿਆ ਸੀ। ਛੋਟੇ ਬੱਚੇ, ਬੱਚੀਆਂ ਖਾਸ ਕਰਕੇ ਨੌਜਵਾਨ ਤਬਕਾ ਉਚੇਚੇ ਤੌਰ ਤੇ ਸ੍ਰੀ ਸਤਿਗੁਰੂ ਜੀ ਨੂੰ ਇਕੱਠੇ ਲਾਈਨ ਬਣਾ ਕੇ ਨਮਸਕਾਰ ਕਰ ਰਹੇ ਸਨ।

(ਬਾਕੀ ਸਫਾ 2 'ਤੇ)



**ਬੰਕੋਕ (ਥਾਈਲੈਂਡ) ਵਿਖੇ ਮਨਾਏ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਸਾਧ-ਸੰਗਤ ਦੇ ਭਲੇ ਵਾਸਤੇ ਪ੍ਰਵਚਨ ਕਰਦੇ ਹੋਏ ਨਾਲ ਹਨ ਮਾਤਾ ਚੰਦ ਕੌਰ ਜੀ।**

# ਯਾਦ ਪੁਰਾਣੀ ਨਹੀਂ ਹੋਈ.. (ਬਾਕੀ ਸਫਾ 1 ਦੀ)

ਉਹਨਾਂ ਨੂੰ ਆਪ ਜੀ ਦੀ ਕਥਨੀ ਅਤੇ ਕਰਨੀ ਦੇ ਇਕ ਹੋਣ ਦਾ ਅਹਿਸਾਸ ਵੀ ਸੀ। ਉਹਨਾਂ ਨੂੰ ਇਹ ਵੀ ਪਤਾ ਸੀ ਕਿ ਸਤਿਗੁਰੂ ਕੋਲੋਂ ਕੀ ਮੰਗਣਾ ਹੈ ਕਿਉਂਕਿ ਵੱਡੇ ਬਾਬਾ ਜੀ ਨੇ ਤਾਂ ਕਿਸੇ ਦੇ ਪੁੱਛਣ ਤੇ ਵੀ ਕੋਈ ਕਾਰ, ਕੋਈ ਕੋਠੀ, ਕੋਈ ਤਬੇਲਾ, ਕੋਈ ਗਊਸ਼ਾਲਾ, ਕੋਈ ਜ਼ਮੀਨ, ਕੋਈ ਜਾਇਦਾਦ, ਕੋਈ ਪ੍ਰਭੂਤਾ, ਕੋਈ ਅਹੁਦਾ, ਕੋਈ ਤਾਕਤ ਨਹੀਂ ਸੀ ਮੰਗੀ, ਮੰਗੀ ਤਾਂ ਇਕੋ ਹੀ ਚੀਜ਼ ਸੀ 'ਸਿਖੀ'। ਜੇ ਸਿਖੀ ਮਿਲ ਗਈ, ਸਤਿਗੁਰੂ ਨਾਲ ਸਾਂਝ ਬਣ ਗਈ, ਸਤਿਗੁਰੂ ਨਾਲ ਸਾਂਝ ਬਣ ਗਈ ਤਾਂ ਸਤਿਗੁਰੂ ਜੀ ਨੇ ਬਖਸ਼ਿਸ਼ਾਂ ਦੀ ਕਿਰਪਾ ਕਰ ਦਿੱਤੀ।, ਭੰਡਾਰੇ ਖੋਲ ਦਿੱਤੇ, ਜਿਸਦੇ ਵਿਚ ਤੋਟ ਆਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਖਾਣ ਖਰਚਣ ਨਾਲ ਵਧਣੀ ਹੀ ਹੈ। ਅਸਲ ਵਿਚ ਤਾਂ ਆਪਣੇ ਤਾਂ ਹੱਥ ਹੀ ਹਨ ਖੀਸਾ ਸਤਿਗੁਰੂ ਦਾ ਹੈ।

ਐਸੇ ਵਿਅਕਤੀਆਂ ਨੇ ਜਦੋਂ ਵਡੇ ਬਾਬਾ ਜੀ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਗਰੀਬ ਨਿਵਾਜ ਸਮਝ ਕੇ ਮੱਥਾ ਟੇਕਿਆਂ ਤਾਂ ਅੰਦਰ ਵੀ ਉਹਨਾਂ ਦਾ ਉਸ ਗਰੀਬ ਨਿਵਾਜ ਦੀ ਕਿਰਪਾ ਦ੍ਰਿਸ਼ਟੀ ਨੇ ਭਰ ਦਿੱਤਾ। 1959 ਤੋਂ 2012 ਈ. ਤਕ ਉਸੇ ਹੀ ਕਿਰਪਾ ਦ੍ਰਿਸ਼ਟੀ ਦਾ ਰੰਗ ਮਾਣਦੇ ਹੋਏ ਲਟਬੋਹਰੇ ਹੋਏ ਫਿਰ ਰਹੇ ਸਨ। ਉਹਨਾਂ ਨੇ ਜਦੋਂ ਆਪਣੇ ਤੋਂ ਛੋਟਿਆਂ ਨੂੰ ਨੇੜੇ ਹੁੰਦਿਆਂ, ਨਾਲ ਰਲਦਿਆਂ ਵੇਖਿਆ ਤਾਂ ਉਹਨਾਂ ਨੇ ਉਹਨਾਂ ਨੂੰ ਵੀ ਸਮਝਾਇਆ ਕਿ ਸਤਿਗੁਰੂ ਨੂੰ ਸੰਸਾਰਕ ਨਜ਼ਰਾਂ ਨਾਲ ਨਹੀਂ ਵੇਖਣਾ, ਉਸਨੂੰ ਆਮ ਮਨੁੱਖਾਂ ਵਾਂਗ ਬੰਦਾ ਨਹੀਂ ਸਮਝਣਾ। ਉਹ ਤਾਂ ਆਪ ਨਰਾਇਣ ਕਲਾਧਾਰ ਕੇ ਆਇਆ ਹੈ। ਕਾਰਣਵਸ਼ ਦੇਹਧਾਰੀ ਹੋਇਆ ਹੈ। ਉਸਨੇ ਆਪਣਿਆਂ ਨੂੰ ਗਲ ਲਾਉਣਾ ਹੈ, ਸਿੱਧੇ ਰਾਹ ਪਾਉਣਾ ਹੈ ਪਰ ਉਸ ਤੋਂ ਉਹ ਹੀ ਖੱਟੇ ਕਮਾਏਗਾ ਜਿਹੜਾ ਭਰੋਸਾ ਰਖੇਗਾ, ਸਿਦਕ ਰੱਖੇਗਾ, ਸਿਦਕ ਵਾਲਿਆਂ ਦੇ ਬੇੜੇ ਪਾਰ ਨੇ। ਸਿੰਘ ਅੜਾਉਣ ਵਾਲਿਆਂ ਦੇ ਨਹੀਂ, ਚਤੁਰਾਈ ਦਿਖਾਉਣ ਵਾਲਿਆਂ ਦੇ ਨਹੀਂ, ਚਲਾਕੀ ਕਰਨ ਵਾਲਿਆਂ ਦੇ ਨਹੀਂ। ਸੁਖ ਬਚਨ ਮੰਨਣ ਵਿਚ ਹੈ 'ਸਤਿਬਚਨ' ਕਹਿਣ ਵਿਚ ਹੈ। ਜਾਣੇ ਅਣਜਾਣੇ ਹੋਈਆਂ ਗਲਤੀਆਂ ਦੀ ਖਿਮਾਂ ਮੰਗਣ ਵਿਚ ਹੈ। ਇਹ ਮਨ ਕੇ ਤੁਰਨ ਵਿਚ ਹੈ ਕਿ ਉਹ ਕੁਝ ਵੀ ਕਰ ਸਕਦਾ ਹੈ। ਭਾਵਨਾ ਨੂੰ ਹੀਂ ਫਲ ਲਗਣਾ ਹੈ ਦਲ ਦਲ ਵਰਗੀ ਜ਼ਮੀਨ ਸਸ਼ਬਜ ਹੋ ਸਕਦੀ ਹੈ, ਕਿਤੇ ਦੂਰ ਉਤਰ ਪ੍ਰਦੇਸ ਵਿਚ ਗੋਲਾ ਗੋਕਰਨ ਨਾਥ ਦੇ ਇਲਾਕੇ ਵਿਚ ਜੇ ਕੋਈ ਮਿਟੀ ਨਾਲ ਮਿਟੀ ਹੋਇਆ ਹੈ, ਜੇ ਕਿਸੇ ਨੇ ਉਸ ਥਾਂ ਵਿਚ ਮਿਹਨਤ ਨੂੰ ਫਲ ਲਗਾ ਵੇਖਿਆ ਹੈ ਤਾਂ ਉਹ ਫਲ ਉਸਦੀ ਸਰੀਰਕ ਮਿਹਨਤ, ਉਸਦੀ ਪ੍ਰਬੰਧਕ ਸ਼ਕਤੀ, ਉਸਦੀ ਦਿਮਾਗੀ ਜੁਗਤ ਨੂੰ ਹੀ ਨਹੀਂ ਲਗਾ ਉਸਦੇ 'ਸਤਿਬਚਨੀ' ਸੁਭਾਅ ਨੂੰ ਲਗਾ ਹੈ। ਸਤਿਗੁਰੂ ਜੀ ਨੂੰ ਪਤਾ ਹੈ ਕਿ ਉਸਨੇ ਕਿਹੜੀ ਥਾਂ ਕਿਸ ਤਰ੍ਹਾਂ ਵਸਾਉਣੀ ਹੈ ਤੇ ਉਸਨੇ ਕਿਸੇ ਰਾਹੀਂ ਕਿਸ ਦਾ ਭਲਾ ਕਰਨਾ ਹੈ। ਭਲਾ ਕੋਈ ਸੋਚ ਸਕਦਾ ਹੈ ਕਿ ਪੱਕੇ ਰੰਗਾਂ ਦੇ, ਧੌਕੇ ਇਲਾਕੇ ਦੇ ਦੱਖਣ ਦੀ ਤੁਖਾਰ ਵਾਲੇ ਪਥਰੀਲੇ ਭੋਏ ਦੇ ਇਲਾਕੇ ਤੋਂ ਪੈਦਾ ਹੋਏ ਬੀਜ਼ ਸੰਸਾਰ ਵਿਚ ਕ੍ਰਾਂਤੀ ਲਿਆਉਣ ਵਿਚ ਆਪਣਾ ਹਿੱਸਾ ਪਾ ਸਕਦੇ ਹਨ।

ਉਂਜ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਰਹਿਤ ਮਰਯਾਦਾ, ਬਾਣੇ ਭਜਨ ਬੰਦਗੀ ਦੀ ਸੋਚ ਦਾ ਛੱਟਾ ਪੰਜਾਂ ਮਹਾਂਦੀਪਾਂ ਵਿਚ ਹੀ ਦੇ ਦਿਤਾ ਸੀ ਭਾਵੇਂ ਏਸ਼ੀਆ ਹੋਵੇ, ਅਫਰੀਕਾ ਹੋਵੇ, ਯੂਰਪ ਹੋਵੇ, ਉਤਰੀ ਅਮਰੀਕਾ ਹੋਵੇ ਜਾਂ ਆਸਟ੍ਰੇਲੀਆ ਹੋਵੇ ਕਿਸੇ ਵੀ ਦੇਸ ਵਿਚ ਨਾਮਧਾਰੀ ਦਸਤਾਰ ਆਪਣੀ ਪਛਾਣ ਬਣਾ ਲੈਂਦੀ ਹੈ। ਜਦੋਂ ਕੋਈ ਇਸ ਹੰਸਾਂ ਵਾਲੇ ਬਾਣੇ ਵਿਚ ਵਿਚਰਦਾ ਹੈ ਤਾਂ ਹਰ ਜੀ ਹੋਸ਼ ਬੰਦੇ ਦੀ ਸੋਚ ਵਿਚ ਆਉਂਦਾ ਹੈ ਕਿ ਇਹ ਸੱਚੇ ਸੁੱਚੇ ਸਿੱਖ ਹਨ। ਇਹ ਅੰਮ੍ਰਿਤ ਵੇਲੇ ਉਠਕੇ ਸਣੇਕੇਸੀਂ ਇਸ਼ਨਾਨ ਕਰਦੇ ਹਨ, ਇਹ ਸ੍ਰੀ ਆਦਿ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਬੜੀ ਸ਼ੁੱਧ ਅਤੇ ਲੈਅ ਵਿਚ ਬੜੀ ਸ਼ਰਧਾ ਸਤਿਕਾਰ ਨਾਲ ਕਰਦੇ ਹਨ। ਇਹ ਮਾਸ, ਅੰਡਾ, ਮੱਛੀ ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਮਾਸਾਹਾਰੀ ਖਾਣਿਆਂ ਤੋਂ ਦੂਰ ਰਹਿੰਦੇ ਹਨ। ਇਹ ਨਸ਼ਿਆਂ ਪੱਤਿਆਂ ਤੋਂ, ਐਬਾਂ ਤੋਂ, ਬਦਫੈਲੀਆਂ ਤੋਂ ਦੂਰ ਭਜਦੇ ਹਨ, ਨਿੰਦਿਆ ਚੁਗਲੀ, ਲੜਾਈ, ਝਗੜਾ, ਹਉਮੈ, ਹੰਕਾਰ ਨੂੰ ਵਿਥ ਤੇ ਰਖਦੇ ਹਨ ਅਤੇ ਸਤਿਗੁਰੂ ਦਾ ਡਰ ਤੇ ਭਉ ਮਨ ਵਿਚ ਰਖਦੇ ਹਨ। ਇਹਨਾਂ ਦਾ ਸਤਿਗੁਰੂ ਵੀ ਸਮੇਂ ਸਮੇਂ ਇਹਨਾਂ ਦੀ ਬਾਂਹ ਫੜ ਲੈਣ ਲਈ ਦੌੜਿਆ ਆਉਂਦਾ ਹੈ, ਜਾਂ ਫਿਰ ਸੰਮੇਲਨ ਕਰਵਾਉਂਦਾ ਹੈ, ਜਪ ਪ੍ਰਯੋਗ ਵਿਚ ਹਿੱਸਾ ਲੈਣ ਲਈ ਤਿਆਰ ਕਰਦਾ ਹੈ। ਜਿਸਦੇ ਸਿੱਖਾਂ ਸੇਵਕਾਂ ਵਿਚ ਹਲੀਮੀ, ਨਿਮਰਤਾ, ਮਿੱਠਾ ਬੋਲਣਾ, ਸਹਿਜ ਨਾਲ ਸਮਝਾਉਣਾ ਸੌਖਾ ਹੀ ਵੇਖਿਆ ਜਾ ਸਕਦਾ ਹੈ।

ਸਤਿਗੁਰੂ ਜੀ ਦੇ ਨਿਜੀ ਸੇਵਕਾਂ, ਜਥੇਦਾਰਾਂ, ਸੂਬਿਆਂ ਅਤੇ ਹੋਰ ਪ੍ਰਬੰਧਕਾਂ ਤੇ ਜਨ ਸਧਾਰਣ ਨਾਲ ਸੰਬੰਧ ਰੱਖਣ ਵਾਲੇ ਸਭ ਉਹਨਾਂ ਦੇ ਗੁਣਾਂ ਤੋਂ ਵਾਕਫ ਹਨ। ਇਹ ਸਾਰਾ ਚਾਨਣ ਅੰਦਰ ਦਾ ਹਨੇਰਾ ਦੂਰ ਕਰਨ ਦਾ ਸੋਮਾ ਸਤਿਗੁਰੂ ਸੂਰਜ ਹੈ। ਅਜ ਜਦੋਂ 23 ਦਸੰਬਰ ਆਉਂਦਾ ਹੈ ਤਾਂ ਕਈਆਂ ਦੇ ਮਨਾਂ ਵਿਚ ਆ ਸਕਦਾ ਹੈ ਕਿ ਇਹ ਦਿਨ ਵੀ ਤਿੰਨ ਸਾਲ ਪਹਿਲਾਂ ਵਰਗਾ ਧੁੰਧਲਾ-ਧੁੰਧਲਾ, ਸਲਾਬਿਆ ਸਲਾਬਿਆ ਨਾ ਹੋਵੇ ਪਰ ਹੈ ਵੀ ਨਹੀਂ ਕਿਉਂਕਿ ਸਤਿਗੁਰੂ ਦੇ ਸਿਖਾਂ ਦੇ ਮਨਾਂ ਅੰਦਰ ਪ੍ਰਕਾਸ਼ ਰੱਖਣ ਲਈ ਸ੍ਰੀ ਮਾਤਾ ਚੰਦ ਕੌਰ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦਿਤਾ ਹੋਇਆ ਹੁਕਮ ਸਾਧ ਸੰਗਤ ਵਿਚ ਸੁਣਾ ਹੀ ਦਿਤਾ ਸੀ ਕਿ ਸਾਧ ਸੰਗਤ ਨੂੰ ਨਿੰਘ ਦੇਣ ਲਈ, ਉਹਨਾਂ ਤੇ ਬਖਸ਼ਸ਼ਾਂ ਦਾ ਮੀਂਹ ਵਰਸਾਉਣ ਲਈ ਸੱਚੇ ਪਾਤਸ਼ਾਹ ਹੁਕਮ ਕਰ ਗਏ ਹਨ ਜਿਹਨਾਂ ਲਈ ਹੁਕਮ ਕੀਤਾ ਸੀ ਉਹਨਾਂ ਲਈ ਇਹ ਦਿਨ ਦਸਤਾਰਬੰਦੀ ਦਿਵਸ ਵੀ ਹੈ। ਇਸੇ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਸੇਵਕਾਂ ਨੇ ਥਾਲ ਵਿਚ ਦਸਤਾਰ ਅਤੇ ਸਿੱਕੇ ਰੱਖ ਕੇ ਭੇਟ ਕਰਦਿਆਂ ਅਰਜ਼ ਕੀਤੀ ਸੀ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਸਤਿਗੁਰੂ ਉਦੇ ਸਿੰਘ ਜੀ ਜਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰਦੇ ਰਹੇ ਹਨ ਉਸੇ ਤਰ੍ਹਾਂ ਆਪ ਜੀ ਵੀ ਸਾਡੇ ਤੇ ਬਖਸ਼ਸ਼ ਰਖਣਾ ਅਤੇ ਸਾਧ ਸੰਗਤ ਨੂੰ ਸਤਿਗੁਰੂ ਜੀ ਦੇ ਦਸੇ ਮਾਰਗ ਤੇ ਚੱਲਣ ਲਈ ਮਾਰਗ ਦਰਸ਼ਨ ਕਰਦੇ ਰਹਿਣਾ। ਅਸੀਂ ਇਨਸਾਨ ਹਾਂ ਭੁਲ ਸਕਦੇ ਹਾਂ, ਸਾਥੋਂ ਗਲਤੀ ਹੋ ਸਕਦੀ ਹੈ, ਸਾਡਾ ਆਸਰਾ ਆਪ ਜੀ ਦੀ ਕਿਰਪਾ ਹੈ, ਬਖਸ਼ਸ਼ ਹੈ। ਅੱਜ ਵੀ ਜਦੋਂ 23 ਦਸੰਬਰ 2012 ਦਾ ਮੇਲਾ ਅੱਖਾਂ ਸਾਹਮਣੇ ਆਉਂਦਾ ਹੈ ਦਿਮਾਗ ਉਸਦੇ ਵਰਕੇ ਉਥਲਦਾ ਹੈ ਤਾਂ ਉਹ ਕਲ੍ਹ ਦੀ ਗੱਲ ਲਗਦੀ ਹੈ। ਅਜੇ ਯਾਦ ਪੁਰਾਣੀ ਨਹੀਂ ਹੋਈ। ਹਾਂ ਬਖਸ਼ਸ਼ਾਂ ਨੇ ਸਾਨੂੰ ਪ੍ਰਫੁੱਲਤ ਕਰਨ ਦਾ ਕਾਰਜ ਕੀਤਾ ਹੈ।

-ਤਾਰਾ ਸਿੰਘ ਅਨਜਾਣ

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

## ਸ੍ਰੀ ਸਤਿਗੁਰੂ ਜੀ ਨੇ ਦਰਬਾਰ ਦਰਸ਼ਨ ਕਰਨ ਨੂੰ ਜਾਣਾ

ਕਈ ਕਹਿਣ ਗਲੋਂ ਲਾਹੋ ਢੋਲਕੀ ਨੂੰ ਜਲਸਾ ਕਰੋ ਨਾਂ ਤਾੜੀਆਂ ਮਾਰ ਸਾਰੇ।
ਮੁੰਡੇ ਕੁੜੀ ਦਾ ਤੁਸੀਂ ਨਿਕਾਹ ਕਰਦੇ ਬਾਮਣ ਦਿਤੇ ਨੇ ਦੂਰ ਦਰਕਾਰ ਸਾਰੇ।
ਕਈ ਕਹਿਣ ਦਸ ਲੱਖ ਤਨਖਾਹ ਦੇਵੋ ਤੁਸੀਂ ਬਣੋ ਸਾਡੇ ਜਥੇਦਾਰ ਸਾਰੇ।
ਕਈ ਕਹਿਣ ਨੀਲਾ ਬਾਣਾ ਸਰਬ ਪਾਵਣ ਸਿਰ ਤੇ ਸਿੰਘ ਰਖਣ ਦਸਤਾਰ ਸਾਰੇ।

(ਚਲਦਾ)

# ਯਾਦਗਾਰੀ ਸਮਾਗਮ ਬੰਕੋਕ...ਬਾਕੀ ਸਫਾ 1 ਦੀ)



ਜਗਜੀਤ ਸਿੰਘ ਆਜ਼ਾਦ ਤੇ ਸੇਠ ਤਰਨ ਸਿਘ ਦਾ ਜਥਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਗੀਤ ਪੜ੍ਹਦਾ ਹੋਇਆ।

ਨਿਤਨੇਮ ਉਪਰੰਤ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਅਤੇ ਹਜ਼ੂਰ ਸ੍ਰੀ ਸਤਿਗੁਰੂ ਜੀ ਦੇ ਬੈਂਕੋਕ ਦਰਸ਼ਨ ਦੇਣ ਦੀ ਖੁਸ਼ੀ ਵਿਚ ਸੇਠ ਤਰਨ ਸਿੰਘ ਤੇ ਉਹਨਾਂ ਨਾਲ ਬਾਕੀ ਸਾਥੀਆਂ ਨੇ ਨੌਵੇਂ ਮਹਲੇ ਦੇ ਸਲੋਕ ਪੜ੍ਹੇ।

**ਬੱਚਿਆਂ ਦਾ ਦਿਵਾਨ-** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਬੈਂਕੋਕ ਦੇ ਬੱਚਿਆਂ ਨੇ ਹੱਲੇ ਦੇ ਦਿਵਾਨ ਲਗਾਏ। ਬੱਚਿਆਂ ਦੀ ਗਿਣਤੀ ਤਕਰੀਬਨ 20-25 ਹੋਵੇਗੀ। ਜਿਹੜੇ ਦਿਵਾਨ ਵਾਲੇ ਜਥੇ ਵਿਚ ਬੈਠੇ ਸਨ 4-5 ਸਾਲ ਦੀ ਉਮਰ ਤੋਂ 15-16 ਸਾਲ ਦੀ ਉਮਰ ਵਰਗ ਦੇ। ਉਹਨਾਂ ਦੇ ਉਸਤਾਦਾਂ ਨੇ ਬਹੁਤ ਸੋਹਣੇ ਤਰੀਕੇ ਨਾਲ ਤਿਆਰੀ ਕਰਵਾਈ ਸੀ। ਸੱਚੇ ਪਾਤਸ਼ਾਹ ਜੀ ਨੇ ਬੱਚਿਆਂ ਨੂੰ ਆਪਣੇ ਹਸਤ ਕੰਵਲਾਂ ਨਾਲ ਮਾਲਾਂ ਬਖਸ਼ੀਆਂ।

**ਆਜ਼ਾਦ ਜੀ ਤੇ ਪ੍ਰੀਤ ਜੀ**-ਬੱਚਿਆਂ ਦੇ ਦਿਵਾਨ ਉਪਰੰਤ ਆਜ਼ਾਦ ਜੀ ਦੇ ਜਥੇ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਗੀਤ ਪੜ੍ਹੇ ਤੇ ਸੇਠ ਮਹਿੰਦਰ ਸਿੰਘ ਪ੍ਰੀਤ ਨੇ ਇਕ ਕਵਿਤਾ ਸੁਣਾਈ। ਸ੍ਰੀ ਸਤਿਗੁਰੂ ਜੀ ਦੇ ਚੌਗਿਰਦੇ ਮੰਡਲ ਵਿਚ ਸ੍ਰੀ ਮਾਤਾ ਜੀ, ਬੀਬੀ ਗੁਰਸ਼ਰਨ ਕੌਰ, ਸੇਠ ਮਹਿੰਦਰ ਸਿੰਘ ਕੇ-ਐਸ, ਪ੍ਰੀਤ ਜੀ, ਸੇਵਕ ਕਰਤਾਰ ਸਿੰਘ, ਮਹਿੰਦਰ ਸਿੰਘ ਅੰਮ੍ਰਿਤਸਰ, ਸੁਖਵਿੰਦਰ ਸਿੰਘ ਆਦਿ ਬੈਠੇ ਸਨ। ਸਤਿਗੁਰੂ ਜੀ ਦੀ ਸੁੰਦਰ ਪਾਲਕੀ ਫੁੱਲਾਂ ਨਾਲ ਬਣਾਈ ਗਈ ਸੀ।

**ਹਜ਼ੂਰੀ ਰਾਗੀ**-ਅੱਜ ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਹਰਬੰਸ ਸਿੰਘ ਘੁਲਾ, ਰਾਗੀ ਵੀਰ ਸਿੰਘ, ਸੁਖਵਿੰਦਰ ਸਿੰਘ ਤੇ ਅਜੈਪਾਲ ਸਿੰਘ ਨੇ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਰਾਗ ਮਾਲਕੌਂਸ, ਝੱਪਤਾਲ ਵਿਚ ਲੈਅਬੱਧ ਸ਼ਬਦ-

***ਨਾਨਕ ਬਿਜੁਲੀਆ ਚਮਕੰਨਿ।।***

ਪੜ੍ਹਿਆ ਗਿਆ। ਘੁੱਲਾ ਜੀ ਦੇ ਨਾਲ ਭਾਰਤ ਤੋਂ ਪਹਿਲੀ ਵਾਰ ਆਏ ਨੌਜਵਾਨ ਰਾਗੀ ਵੀਰ ਸਿੰਘ ਦੀ ਭਰਵੀਂ ਆਵਾਜ਼ ਵਿਚ ਗਾਈਆਂ ਜਾ ਰਹੀਆਂ ਤਾਨਾਂ ਤੇ ਤਿਹਾਈਆਂ ਤੇ ਅਜੈਪਾਲ ਸਿੰਘ ਦਾ ਤਬਲਾ ਕਮਾਲ ਕਰ ਰਿਹਾ ਸੀ। ਇਸੇ ਰਾਗ ਵਿਚ ਰਾਗੀਆਂ ਇਕ ਸ਼ਬਦ-

***ਸਤਿਗੁਰੂ ਮੇਰਾ ਸਦਾ ਸਦਾ।।***

ਪੜ੍ਹ ਕੇ ਕੀਰਤਨ ਦੀ ਸਮਾਪਤੀ ਕੀਤੀ।

**ਨਾਮ ਸਿਮਰਨ-** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 13 ਦਸੰਬਰ 2012 ਨੂੰ ਸ਼ਾਮ 6.28 ਮਿੰਟ ਤੇ ਦੇਹ ਦਾ ਓਹਲਾ ਕੀਤਾ ਸੀ। ਸੋ ਹਰ ਸਾਲ ਇਸੇ ਦਿਨ ਇਸੇ ਵਕਤ 20 ਮਿੰਟ ਵਾਸਤੇ ਦੁਨੀਆਂ ਦੇ ਜਿਸ ਕੋਨੇ ਵਿਚ ਵੀ ਨਾਮਧਾਰੀ ਸੰਗਤ ਵਸਦੀ ਹੈ ਆਪਣੇ ਆਪਣੇ ਦੇਸ ਦੇ ਵਕਤ ਮੁਤਾਬਿਕ ਸ੍ਰੀ ਸਤਿਗੁਰੂ

(ਬਾਕੀ ਸਫਾ 6 'ਤੇ)



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਬਣੀ ਡਾਕੂਮੈਂਟਰੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਵੇਖਦੀ ਤੇ ਨਿਤਨੇਮ ਕਰਦੀ ਬੈਂਕੋਕ ਦੀ ਸਾਧ ਸੰਗਤ।

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਨਾਮ ਜਪਣ ਤੋਂ ਰਸਨਾ ਵਿਹਲੀ ਨਾ ਰਵ੍ਹੇ

*ਅੰਮ੍ਰਿਤ ਵੇਲੇ ਦਾ ਉਠਣਾ, ਬਹੁਤ ਘਟ ਗਿਐ ਸਾਡੇ ਵਿਚੋਂ, ਇਹ ਦੁਬਾਰਾ ਚਾਲੂ ਕਰੋ। ਸਾਡਾ ਨਾਂ 'ਨਾਮਧਾਰੀ' ਸਤਿਗੁਰਾਂ ਨੇ ਰਖਿਐ। ਮੇਰਾ ਨਹੀਂ ਖਿਆਲ ਕਿ ਜਿੰਨੇ ਅਸੀਂ ਏਥੇ ਬੈਠੇ ਹਾਂ, ਉਹਨਾਂ ਵਿਚੋਂ ਸਾਰਾ ਦਿਨ ਕੋਈ ਨਾਮ ਜਪਦਾ ਹੋਵੇ। ਇਕ ਘੰਟਾ ਨਾਮ ਜਪਣ ਨੂੰ ਵੀ ਜੀਅ ਨਹੀਂ ਕਰਦਾ। ਇਕ-ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ ਪੱਕਾ ਕਰੋ ਸਾਰੇ ਜਣੇ। ਜਿਸ ਵੇਲੇ ਤੁਸੀਂ ਖਰਾਦ ਦਾ ਕੰਮ ਕਰਦੇ ਹੋ, ਦੁਕਾਨ ਵਿਚ ਵਿਹਲੇ ਬੈਠੇ ਹੁੰਦੇ ਹੋ, ਕਾਰ ਵਿਚ ਜਾਂਦੇ ਹੋ, ਸਾਈਕਲ ਤੇ ਜਾਂਦੇ ਹੋ, ਪੈਦਲ ਜਾਂਦੇ ਹੋ, ਉਸ ਵੇਲੇ ਵੀ ਨਾਮ ਜਪਿਆ ਕਰੋ, ਰਸਨਾ ਹਿਲਾ ਕੇ, ਰਸਨਾ ਕਿਸੇ ਵੇਲੇ ਵੀ ਵਿਹਲੀ ਨਾ ਰਵ੍ਹੇ।*



# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਿੱਖੀ ਕਿਸੇ ਕੀਮਤ ਨਹੀਂ ਮਿਲਦੀ



*ਪੂਜਯ ਮਾਤਾ ਜੀ, ਪਰਮ ਸਤਿਕਾਰਯੋਗ ਸਾਧ ਸੰਗਤ ਜੀ ਤੁਸੀਂ 5 ਵਜੇ ਤੋਂ ਲੈ ਕੇ ਨਾਮ ਸਿਮਰਨ ਕੀਤਾ ਹੈ। ਸਤਿਗੁਰੂ ਸੱਚੇ ਪਾਤਸ਼ਾਹ (ਸਤਿਗੁਰੂ ਜਗਜੀਤ ਸਿੰਘ) ਜੀ ਦਾ ਉਪਦੇਸ਼ ਸੁਣਿਆ ਹੈ, ਬੱਚਿਆਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਗੀਤ ਸੁਣੇ ਹਨ, ਆਜਾਦ (ਜਗਜੀਤ ਸਿੰਘ) ਜੀ ਤੋਂ ਗੀਤ ਸੁਣਿਆ ਹੈ, ਰਾਗੀਆਂ ਤੋਂ ਕੀਰਤਨ ਸੁਣਿਆ ਹੈ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਤੁਸੀਂ ਵੀਡੀਓ ਰਾਹੀਂ ਕੀਤੇ ਨੇ। ਜਿਨਾਂ ਸੱਚੇ ਪਾਤਸ਼ਾਹ (ਸਤਿਗੁਰੂ ਜਗਜੀਤ ਸਿੰਘ) ਜੀ ਦੀ ਯਾਦ ਵਿਚ ਆਪਾਂ ਇਹ ਦਿਨ ਮਨਾ ਰਹੇ ਹਾਂ। ਅੱਜ ਇਕ ਸ਼ਬਦ ਪੜ੍ਹਿਆ ਗਿਆ ਸੀ :*

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ।।*
*ਓਹੁ ਅਭਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ।।*

*ਸਤਿਗੁਰੂ ਮੇਰਾ ਇਸ ਤਰ੍ਹਾਂ ਦਾ ਨਹੀਂ ਕਿ 1920 ਤੋਂ 2012 ਤਕ ਹੈ, ਮੇਰਾ ਸਤਿਗੁਰੂ ਜਦੋਂ ਇਹ ਧਰਤੀ ਨਹੀਂ ਸੀ ਉਦੋਂ ਵੀ ਸੀ, ਜਦੋਂ ਇਹ ਧਰਤੀ ਨਹੀਂ ਰਹੇਗੀ ਉਦੋ ਵੀ ਰਹੇਗਾ। ਸੱਚੇ ਪਾਤਸ਼ਾਹ ਕਿਰਪਾ ਕਰਨ ਸਾਨੂੰ ਬਖਸ਼ਸ਼ ਹੋਵੇ ਤੇ ਸਾਨੂੰ ਉਹ ਦਰਸ਼ਨ ਹੋ ਸਕਣ, ਸਾਨੂੰ ਸਫਲ ਦਰਸ਼ਨ ਹੋ ਸਕਣ। ਉਹ ਸਤਿਗੁਰੂ ਸਾਡੇ ਅੰਦਰ ਵਸ ਸਕੇ। ਮੈਨੂੰ ਨਹੀਂ ਪਤਾ ਤੁਹਾਡੇ ਵਿਚੋਂ ਖਾਸਕਰ ਨੌਜਵਾਨਾਂ ਨੂੰ ਪੰਜਾਬੀ ਕਿੰਨੀ ਕੁ ਸਮਝ ਆਉਂਦੀ ਏ। ਆਪਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਯਾਦ ਮਨਾਉਂਦੇ ਹਾਂ, ਆਪਾਂ ਉਹਨਾਂ ਦੇ ਹੁਕਮ ਮੰਨੀਏ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਗੁਰਬਾਣੀ ਨਾਲ ਜੋੜਿਆ ਹੈ। ਤੁਸੀਂ ਧਿਆਨ ਦਿੱਤਾ ਹੋਵੇਗਾ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਹਰ ਪਰਿਵਾਰ ਇਕ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਜਾਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਮਹੀਨੇ ਦਾ ਜ਼ਰੂਰ ਕਰੇ।*

*ਇਹ ਉਹ ਜਗਾ ਹੈ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਬੜੇ ਮਾਣ ਨਾਲ ਹੁਕਮ ਕੀਤਾ ਸੀ ਕਿ ਥਾਈਲੈਂਡ ਵਿਚ ਕੋਈ ਸਿਨੇਮਾ ਨਹੀਂ ਵੇਖਦਾ, ਜਿਸ ਬਾਰੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਇਕ ਬਚਨ ਸੁਣਾਇਆ ਸੀ ਕਿ ਇਕ ਆਦਮੀ ਮਿਲਿਆ ਉਹਨੇ ਕਿਹਾ ਕਿ ਮੈਂ ਨਾਮਧਾਰੀ ਹਾਂ ਪਰ ਉਸਨੇ ਪੱਗ ਸਿੱਧੀ ਨਹੀਂ ਸੀ ਬੰਨ੍ਹੀ ਹੋਈ। ਜਿਸਨੂੰ ਵੀ ਮਿਲਿਆ ਉਸ ਨੇ ਕਿਹਾ ਕਿ ਤੂੰ ਨਾਮਧਾਰੀ ਨਹੀਂ, ਨਾਮਧਾਰੀ ਥਾਈਲੈਂਡ ਵਿਚ ਇਸ ਤਰ੍ਹਾਂ ਦੀ ਪੱਗ ਨਹੀਂ ਬੰਨ੍ਹਦੇ।*

*ਸਿੱਖੀ ਦਾ ਮਾਣ ਦੋਹਾਂ ਸਤਿਗੁਰੂ ਸਾਹਿਬਾਨਾਂ ਨੇ ਕੀਤਾ। ਬੜੇ ਬੜੇ ਸਾਧੂ, ਬੜੇ ਬੜੇ ਸੰਤ ਇਥੇ ਉਹਨਾਂ ਦੀ ਕਿਰਪਾ ਨਾਲ ਹੋਏ। ਅੱਜ ਆਪਾਂ ਉਸ ਸਿੱਖੀ ਤੋਂ ਬਹੁਤ ਦੂਰ ਚਲੇ ਗਏ ਹਾਂ।*

*ਉਹਨਾਂ ਦਾ ਹੁਕਮ ਮੰਨਦਿਆਂ ਹੋਇਆਂ ਉਹਨਾਂ ਦੀ ਯਾਦ ਵਿਚ ਮੇਰੀ ਤੁਹਾਡੇ ਸਾਰਿਆਂ ਕੋਲ ਹੱਥ ਜੋੜ ਕੇ ਬੇਨਤੀ ਏ ਆਪਾਂ ਵਾਪਸ ਮੁੜੀਏ ਖਾਸਕਾਰ ਨੌਜਵਾਨਾਂ ਨੂੰ, ਆਪਾਂ ਵਾਪਸ ਮੋੜੀਏ ਕਿਉਂਕਿ ਇਹ ਸਿੱਖੀ ਕਿਸੇ ਕੀਮਤ ਨਹੀਂ ਮਿਲਦੀ।*

*ਬਹੁਤ ਘਰਾਂ ਵਿਚ ਪੰਜਾਬੀ ਪੜਨੀ ਨਹੀਂ ਆਉਂਦੀ, ਗੁਰਬਾਣੀ ਪੜ੍ਹਨੀ ਨਹੀਂ ਆਉਂਦੀ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਸੀ ਕਿ ਹਰ ਜੀਅ ਪ੍ਰਤੀ ਇਕ-ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ। ਮੇਰੀ ਅਰਜ਼ ਬੇਨਤੀ ਹੈ ਕਿ ਮੇਲੇ ਕਰਨ ਦਾ, ਮੇਰੇ ਇਥੇ ਆਉਣ ਦਾ ਤਾਂਹੀ ਫਾਇਦਾ ਹੈ ਜੇ ਅਸੀਂ ਮੁੜ ਉਸ ਸਿੱਖੀ ਨੂੰ ਕਾਇਮ ਕਰ ਸਕੀਏ। –*

*ਬੈਂਕੋਕ, 13 ਦਸੰਬਰ 2015*

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ
# ਮਲੇਰਕੋਟਲੇ ਦੇ 66 ਸ਼ਹੀਦਾਂ ਨਮਿਤ
# ਰਾਜ ਪੱਧਰੀ ਸਮਾਗਮ




## ਮੁੱਖ ਮਹਿਮਾਨ : ਸ. ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ ਪੰਜਾਬ)

**ਤਾਰੀਖ਼: 17 ਜਨਵਰੀ 2016 ਮੁਤਾਬਿਕ 4 ਮਾਘ 2072 ਬਿ. (ਐਤਵਾਰ)**

**ਸਥਾਨ : ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ (ਪੰਜਾਬ)**

*ਵਿਸ਼ੇਸ਼ ਪ੍ਰੋਗਰਾਮ :* ❖ ਨਾਮ ਸਿਮਰਨ ❖ ਕਥਾ ਕੀਰਤਨ ❖ ਜਥੇਦਾਰਾਂ ਦੇ ਦਿਵਾਨ ❖ਵਿਦਵਾਨਾਂ ਦੇ ਭਾਸ਼ਣ

ਇਸ ਸਮੇਂ ਹੋਰ ਵੀ ਧਾਰਮਿਕ, ਸਮਾਜਕ ਤੇ ਰਾਜਨੀਤਕ ਆਗੂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

**ਮੇਲੇ ਦੀ ਸੇਵਾ : ਸੰਤ ਹਰਜਿੰਦਰ ਸਿੰਘ ਬਢਵਾਲ ਸਮੇਤ ਪਰਿਵਾਰ, ਟਰਾਂਟੋ, ਕਨੇਡਾ**

ਨੋਟ : ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

## ਨਾਮਧਾਰੀ ਦਰਬਾਰ-ਸ੍ਰੀ ਭੈਣੀ ਸਾਹਿਬ (ਪੰਜਾਬ)

PARVACHAN

SRI SATGURU JAGJIT SINGH JI

## OUR MANTRA IS IN THE FORM OF WORD



***Our mantra is specifically in the form of 'Word'. Research and studies have been conducted on this mantra in some of the western countries. It is essential to note that this mantra should be recited and meditated upon with complete utterance of all the alphabets contained in it. Then and only then this mantra is fruitful and brings about the effective results.***

**Translated by JSH**

## GOING TO GET VERY PRODIGIOUS

Predication is a statement for future that is coherent and logical. Satguru Jagjit Singh never predicted but whatever had he said was a fact and would happen in reality.

Satguru Ji would often call the younger son of Maharaj Bir Singh by the nick-name Nikkoo or Beta-ji while sangat would call both the sons of Maharaj Ji as Thakur Ji, Wadde (elder) or Nikke (younger). One fine day in his pleasant mood, Sri Satguru Ji directed that hence-forth do not use the word Thakur for Uday Singh, call him only by his name. Someone who was sitting by the side of Sri Satguru Ji most humbly and with folded hands solicited that with what prefix should now sangat address him. Sri Satguru Ji blessingly smiled and said you would soon come to know, he is going to get something very prodigious.

Satguru Jagjit Singh left for his heavenly abode on December 13, 2012 and by his benevolent predication, Uday Singh has become the Satguru of Namdhari Sikhs and now reverently known all over the world as Satguru Uday Singh.

## KEY TO A LONGER LIFE IS A STROLL

There is no need to spend hours on a treadmill to become fit, as the key to a longer life could be as simple as taking a gentle stroll for just half an hour a day.

According to experts, a daily walk to the shops can cut the risk of early death by 20 percent, reports express.co.uk.

'Our research confirms that it is not just exercising hard that is good for you. Even moderate, everyday activities like walking and cycling can have major health benefits,' James Woodcock of the London School of Hygiene and Tropical Medicine said.

'Just walking to the shops or walking the children to school can lengthen your life - as well as bringing other benefits for well-being and the environment,' he added.

'It is a very important message to get across, that small amounts of light to moderate activity on a regular basis will have quite large benefits.'

Diet and movement specialist Joanna Hall said: 'This research is so encouraging because many people are under the impression that in order to incur health, fitness and weight loss benefits they need to exercise vigorously and this is simply not the case.'

'The main barriers for people being more physically active are lack of time and the perception that the amount of effort required will be large. This research shows these needn't be a concern,' she added.

Fitness expert Kathryn Freeland said: 'Anything is better than nothing - going for a walk or playing football with the kids. There is no need to join a gym.' ■


## MATRIMONIALS

**Alliance invited for Namdhari Boy, 29, 5 feet 5 inches B.Tech (Electronic and Instrument), M.B.A (correspondence) employed in reputed company.**

**Contact: 07404476373 Post Box: 992**



**SATJUG**

**Namdhari Gurdwara Ramesh Nagar, New Delhi-15**

**e-mail : satjugweekly@gmail.com**




**SATJUG**

**ESTABLISHED IN 1920**


**DISCOURSE**

**SATGURU PARTAP SINGH JI**

## SELF EXPERIENCE OF RAI SINGH



*Guroo Guroo Guroo kar man mor.*
*Guroo binaa mai naahee hor.*
*Gur kee taek rehahu din raat.*
*Jaa kee koie N maettai daat*
*Gur parmaesar eaeko jaan P-864*

Chant Guru, Guru, Guru, O my mind. I Have no other than the Guru. I lean upon the support of the Guru, day and night. No one can decrease his bounty. Know that the Guru and the transcendent Lord are one.

Further the Gurbani states that without the true Guru no one can achieve salvation. Gurbani Further elucidates this—

*Bin satgur Kinai N paaeiou Bin Satguru kinai N paaeiaa.*
*Satguru vich aap rakhion Kar pargat aakh sunaaeiaa. p466*

Without the true Guru, no one has obtained the lord, without the true Guru no one has ever obtained the Lord. He has placed Himself within the true Guru revealing himself. He declares this openly.

Thus Gurbani stresses the need of meeting the true Guru because the Satguru is the incarnation of the Almighty Lord. Further more—

*Kumbhae badhhaa jal rehai jal bin kumbh N hoe.*
*Giaan kaa badhha man rehai gur bin giaan N hoe. P-469*

Water remains confined within the pitcher, but without water the pitcher could not have been formed. Just so, the mind is restrained by spiritual wisdom, but without the Guru, there is no spiritual wisdom.

There are numerous citations on this subject in Gurbani. Gurbani is such a vast ocean of knowledge that none can comprehend it totally in a life time. I have been reading it since my child hood. Although I have grown gray hair, still every time I read, I find something new. However the main stress has been on these few facts-contemplation on naam; meeting the true Guru and his saints; selfless service to the saints and the Satguru.

*Gur maarag bhoolae ko paavai.*
*Gur mileeia shanti man aavai.*

It is only the Satguru who can put the astrayed persons in the stream line. The Satguru is such a personality that a meeting with Him provides the necessary solace to one's mind and soul.

*Poora guru milai dukh kaatai.*
*Jamm jandaar kae kaagar phaatai.*

If one can meet the true Guru then all his agonies and distresses can be wiped off. After meeting the true Guru the record of demon of death also gets destroyed. Kabeer Ji substantiates this as—

*Dharam raae ab kahaa karaigo jio fatteou sagla laekhaa.*
P-614

What can the righteous judge, the Dharma do now? All my accounts have been torn up.

*It aadik updesh jannaaiyo. Guru baed saare im gaaiyo.*

In all the ancient scriptures and Gurbani only this type of teaching has been stressed upon.

*Gur parmeshar aan milaavai.*
***Door kehae so naerhu paavai.***

It is only the Guru through whome one can meet the Almighty Lord. With the blessings of the Guru the disciple starts seeing and feeling the Almighty nearest to himself.

*Parhae sunnae manchitvan laagee.*
*Rai Singh pooran vad bhaagee.*

Rai Singh read all the scriptures and listned to the versons of seniors patiently. He got serious as to how he can follow the dictates of Gurbani. Rai Singh was fortunate enough to plan such a meeting with the Lord.

*Vidiyvaan man maahi vichaarae.*
*Mileeai kiv poorae gur piaarae.*

**Transliteration by Sant Singh**



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੱਚੀਆਂ ਕਵਿਤਾ 'ਭੈਣੀ ਸਾਹਿਬ ਦੇਖੋ ਜਾਕੇ ਸਵਰਗਾ ਸਮਾਨ ਹੈ' ਪੜ੍ਹਦੀਆਂ ਹੋਈਆਂ।



ਬੈਂਕੋਕ ਦੇ ਛੋਟੇ ਬੱਚੇ ਮਾਨ ਸਿੰਘ - ਅਮਨਬੀਰ ਸਿੰਘ ਹੱਲੇ ਦਾ ਦਿਵਾਨ ਲਗਾਉਂਦੇ ਹੋਏ।



ਕਾਕਾ ਨਿਹਾਲ ਸਿੰਘ ਤੇ ਉਹਨਾਂ ਦੇ ਸਾਥੀ ਹੱਲੇ ਦਾ ਦਿਵਾਨ ਲਗਾਉਂਦੇ ਹੋਏ।



ਕਾਕਾ ਸਤਵੰਤ ਸਿੰਘ 'ਤੇਰੇ ਤਾਊਸ ਨੇ ਮੇਰਾ ਮਨ ਮੋਹਿਆ' ਹੱਲੇ ਦੀ ਸ਼ੈਲੀ ਵਿਚ ਧਾਰਨਾ ਪੜ੍ਹਦਾ ਹੋਇਆ।



ਸਤਵੰਤ ਕੌਰ ਤੇ ਕਾਕਾ ਮਹਿਤਾਬ ਸਿੰਘ ਆਪਣੇ ਜਥੇ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਗੀਤ 'ਜਗਤ ਦਾ ਮਾਲਕ ਗੁਰੂ ਜਗਜੀਤ' ਪੜ੍ਹਦੇ ਹੋਏ।



ਕਾਕਾ ਗੁਰਨਾਮ ਸਿੰਘ ਹੱਲੇ ਦਾ ਦਿਵਾਨ ਲਗਾਉਂਦਾ ਹੋਇਆ।

ਫੋਟੋਗ੍ਰਾਫਰ : ਸੰਤੋਖ ਸਿੰਘ ਲਾਡੀ



ਸੇਠ ਮਹਿੰਦਰ ਸਿੰਘ ਪ੍ਰੀਤ ਆਪਣੀ ਕਵਿਤਾ ਪੇਸ਼ ਕਰਦਿਆਂ।

# ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸਮਾਗਮ ਬੈਂਕੋਕ...ਬਾਕੀ ਸਫਾ 2 ਦੀ)

ਉਦੈ ਸਿੰਘ ਜੀ ਦੇ ਹੁਕਮ ਮੁਤਾਬਿਕ ਬੈਠ ਨਾਮ ਸਿਮਰਨ ਕਰਦੀ ਹੈ। ਸੋ 7.55 ਤੇ ਦੁਬਾਰਾ ਨਿਤਨੇਮ ਦੀ ਅਰਦਾਸ ਹੋਈ ਜਿਸ ਦੌਰਾਨ ਤਰਨਜੀਤ ਸਿੰਘ ਮੁੰਬਈ ਵਾਲਿਆਂ ਵਲੋਂ ਤਿਆਰ ਕੀਤੀ ਗਈ 20 ਮਿੰਟ ਦੀ ਇਕ ਸਤਿਗੁਰੂ ਜਗਜੀਤ ਸਿੰਘ ਜੀ ਤੇ ਬਣੀ ਵੀਡੀਓ ਵਿਖਾਈ ਗਈ। ਸਤਿਗੁਰੂ ਜੀ ਦੀਆਂ ਤਸਵੀਰਾਂ, ਪੁਰਾਣੀਆਂ, ਵੀਡੀਓ, ਅਜੀਤ ਸਿੰਘ ਲਾਇਲ ਦੀ ਲਿਖਤ 'ਰਾਤੀਂ ਸੌਣ ਤੋਂ ਪਹਿਲਾਂ', ਰਾਗੀ ਬਲਵੰਤ ਸਿੰਘ ਦੀ 'ਤੁਰਨੰਮ' ਗਾਇਕੀ ਤੇ, ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਉਪਦੇਸ਼ਾਂ ਦੀ ਸੁਮੇਲ ਇਸ ਵੀਡੀਓ ਨੇ ਸਾਰੀ ਸੰਗਤ ਨੂੰ ਵੈਰਾਗੀ ਕਰ ਦਿੱਤਾ। ਆਪਣੇ ਪਿਆਰੇ ਪ੍ਰੀਤਮ ਦੀ ਯਾਦ ਵਿਚ ਸੰਗਤ ਨਿਤਨੇਮ ਕਰਦੀ ਹਟਕੋਰੇ ਲੈ ਰਹੀ ਸੀ।

**ਗੁਰ ਉਪਦੇਸ਼-** ਅਰਦਾਸ ਉਪਰੰਤ ਸੇਠ ਤਰਨ ਸਿੰਘ ਤੇ ਉਹਨਾਂ ਦੇ ਸਾਥੀ ਕਮੇਟੀ ਵਾਲਿਆਂ ਦੇ ਅਰਜ਼ ਕਰਨ ਤੇ ਪਾਤਸ਼ਾਹ ਜੀ ਆਪਣੇ ਮੁਖਾਰਬਿੰਦ ਤੋਂ ਉਪਦੇਸ਼ ਕੀਤਾ। ਅੱਜ ਆਪ ਜੀ ਦੇ ਉਪਦੇਸ਼ ਦੌਰਾਨ ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਧ ਸੰਗਤ ਤੇ ਕੀਤੀਆਂ ਬਖਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਮਾਡਰਨ ਯੁੱਗ ਵਿਚ ਮਾਇਆ ਦੇ ਪ੍ਰਭਾਵ ਨਾਲ ਗੁਰਬਾਣੀ ਤੇ ਸਿਖੀ ਤੋਂ ਦੂਰ ਜਾ ਰਹੀ ਨਵੀਂ ਪੀੜ੍ਹੀ ਤੇ ਚਿੰਤਾ ਜ਼ਾਹਿਰ ਕਰਦਿਆਂ ਉਹਨਾਂ ਨੂੰ ਦੁਬਾਰਾ ਸਿੱਖੀ ਵਿਚ ਲਿਆਉਣ ਤੇ ਸਿਮਰਨ ਕਰਨ ਲਈ ਹੁਕਮ ਕੀਤਾ।

ਅੰਸ਼

- **ਸਤਿਗੁਰੂ ਜਦੋਂ ਇਹ ਧਰਤੀ ਨਹੀਂ ਸੀ ਉਦੋਂ ਵੀ ਸਨ ਤੇ ਜਦੋਂ ਨਹੀਂ ਰਹੇਗੀ ਉਦੋਂ ਵੀ ਹੋਣਗੇ**
  *ਸਤਿਗੁਰੂ ਮੇਰਾ ਸਦਾ ਸਦਾ*
  *ਨਾ ਆਵੈ ਨਾ ਜਾਏ।।*
- **ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਰ ਪਰਿਵਾਰ 1 ਪਾਠ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਜਾਂ ਦਸਮ ਸ੍ਰੀ ਗ੍ਰੰਥ ਸਾਹਿਬ ਜੀ ਦਾ ਹਰ ਮਹੀਨੇ ਕਰਿਆ ਕਰੀਏ।**
- **ਪੰਜਾਬੀ ਪੜ੍ਹਨ ਤੋਂ ਅਸੀਂ ਬਹੁਤ ਦੂਰ ਹੋ ਗਏ ਹਾਂ, ਜਿਸ ਨਾਲ ਬਾਣੀ ਵੀ ਨਹੀਂ ਪੜ੍ਹਦੇ। ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਜ਼ਰੂਰ ਕਰੋ। ਸਤਿਗੁਰਾਂ ਦਾ ਹੁਕਮ ਹੈ।**
- **ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਸਤਿਗੁਰੂ ਜਗਜੀਤ ਸਿੰਘ ਜੀ ਨੇ ਤੁਹਾਡੇ ਥਾਈਲੈਂਡ ਦੇ ਸਿੱਖਾਂ ਤੇ ਬੜਾ ਮਾਣ ਕੀਤਾ ਹੈ ਤੇ ਦੂਸਰਿਆਂ ਨੂੰ ਤੁਹਾਡੀ ਸਿੱਖੀ ਦਾ ਹਵਾਲਾ ਦੇਂਦੇ ਸਨ। ਬੜੇ ਸਾਧੂ ਸੰਤ ਸਾਡੇ ਇਥੇ ਦੇ ਸਮਾਜ ਵਿਚ ਹੋਏ ਨੇ। ਹੁਣ ਅਸੀਂ ਸਿੱਖੀ ਤੋਂ ਦੂਰ ਹੋਈ ਜਾਂਦੇ ਹਾਂ। ਮੇਰੀ ਅਰਜ਼ ਬੇਨਤੀ ਹੈ ਕਿ ਸਿੱਖੀ ਵੱਲ ਵਾਪਿਸ ਮੁੜੀਏ।**
- **ਨੌਜਵਾਨ ਜਿੰਨਾਂ ਮਾਸ ਖਾਣ ਜਾਂ ਦਾੜ੍ਹੀ ਕੱਟਣ ਦੀ ਗਲਤੀ ਕਰ ਲਈ ਹੈ, ਕੇਸਾਂ ਦੀ ਬੇਅਦਬੀ ਕਰ ਲਈ ਹੈ, ਸਭ ਛੱਡ ਕੇ ਸਿੱਖੀ ਵਿਚ ਲੱਗ ਜਾਣ। ਜੇ ਨਾਮ ਸਿਮਰਨ ਨਹੀਂ ਕਰਦੇ ਤਾਂ ਕਰਨ ਲੱਗ ਜਾਣ। ਮਾਸ਼ ਸ਼ਰਾਬ ਵਾਲੀਆਂ ਥਾਵਾਂ ਤੋਂ ਖਾਣਾ ਛੱਡ ਦੇਣ ਤਾਂ ਮੇਰੀ ਵੀ ਨੌਕਰੀ ਪੂਰੀ ਹੋ ਜਾਂਦੀ ਹੈ।**
- **ਸਤਿਗੁਰੂ ਜੀ ਦਾ ਆਪਾਂ ਹੁਕਮ ਮੰਨਣਾ ਤੇ ਉਹਨਾਂ ਦੇ ਹੁਕਮਾਂ ਤੇ ਵਿਸਵਾਸ਼ ਕਰਕੇ ਸਿੱਖੀ ਨਾਲ ਜੁੜ, ਗੁਰਬਾਣੀ ਨਾਲ ਜੁੜ ਉਹਨਾਂ ਦੀਆਂ ਸਦਾ ਹੀ ਖੁਸ਼ੀਆਂ ਲੈਣੀਆਂ ਨੇ।**

*-ਸੁਖਵਿੰਦਰ ਸਿੰਘ ਲਾਇਲ*

# ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਖਿਆਲਾ ਵਿਖੇ ਮੇਲਾ




**ਮੇਲੇ ਸਮੇਂ ਜਥੇਦਾਰ ਜਸਬੀਰ ਸਿੰਘ ਖਿਆਲਾ ਦਿਵਾਨ ਸਜਾਉਂਦੇ ਹੋਏ।**

**ਖਿਆਲਾ**–ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਖਿਆਲਾ ਪਿੰਡ ਵਿਚ ਸੰਤ ਵੀਰ ਸਿੰਘ ਤੇ ਸੰਤ ਦਸੌਂਧਾ ਸਿੰਘ ਦੀ ਯਾਦ ਵਿਚ ਮੇਲਾ ਕੀਤਾ ਗਿਆ। ਇਸ ਮੇਲੇ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਦਰਸ਼ਨ ਦੇ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਇਸ ਨਗਰ ਨੂੰ ਸਾਧੂ ਸੰਤਾਂ ਦੀ ਛੋਹ ਪ੍ਰਾਪਤ ਹੈ। ਇਸ ਨਗਰ ਵਿਚ ਉਹਨਾਂ ਨੇ ਸਿੱਖੀ ਨੂੰ ਪ੍ਰਫੁੱਲਤ ਕੀਤਾ। ਤਿੰਨ ਤਰ੍ਹਾਂ ਦੇ ਮਹਾਤਮਾ ਹੋਏ। ਨਾਮ ਦੇ ਰਸੀਏ ਸੰਤ ਵੀਰ ਸਿੰਘ ਮਸਤਾਨੇ ਸਿਖ ਸਨ। ਸਾਰੀ ਸਾਰੀ ਰਾਤ ਨਾਮ ਜਪਦੇ ਰਹਿਣਾ। ਸਰਦਾਰ ਸਾਧੂ ਵੀ ਹੋਏ ਮਹਾਂਬਲੀ ਸੰਤ ਵੀ ਪੈਦਾ ਹੋਏ। ਸੰਤ ਜਵੰਦ ਸਿੰਘ ਉਹਨਾਂ ਨੇ ਬਹੁਤ ਵਡੇ ਕਾਰਨਾਮੇ ਕੀਤੇ। ਉਦੋਂ ਇਹ ਗਲ ਮਨ ਵਿਚ ਆਉਂਦੀ ਸੀ ਕਿ ਰਸਨਾ ਤੇ ਨਾਮ ਹੋਵੇ ਤੇ ਅੰਦਰ ਯੁੱਧ ਹੋਵੇ ਇਹ ਦੋ ਪੱਖ ਨਹੀਂ ਹੋ ਸਕਦੇ। ਨਾਮ ਜਪਣ ਵਾਲੇ ਅੰਦਰ ਗੁੱਸਾ ਕਿਵੇਂ ਹੋਵੇਗਾ, ਅਸਲ ਵਿਚ ਉਹ ਬਾਹਰਲੀ ਜੰਗ ਹੁੰਦੀ ਹੈ। ਸਾਧੂ ਦਾ ਜੰਗ ਪਹਿਲਾਂ ਅੰਦਰ ਘੋਲ ਹੁੰਦਾ ਹੈ, ਇਥੇ ਬਾਹਰੀ ਜੰਗ ਦਾ ਕੋਈ ਜ਼ਿਕਰ ਨਹੀਂ ਹੈ। ਅੱਜ ਜਿੰਨਾਂ ਦੀ ਯਾਦ ਵਿਚ ਬੈਠੇ ਹਾਂ ਉਹਨਾਂ ਨੇ ਇਹ ਜੰਗ ਜਿਤਿਆ ਹੋਇਆ ਸੀ। ਉਹਨਾਂ ਦੀ ਯਾਦ ਵਿਚ ਇਹ ਮੇਲਾ ਮਨਾਇਆ ਗਿਆ।

**ਆਸਾ ਦੀ ਵਾਰ ਦਾ ਕੀਰਤਨ–** ਸੰਤ ਸੁਖਵੰਤ ਸਿੰਘ ਮੁਹਾਵਾ, ਸੂਬਾ ਅਜੀਤ ਸਿੰਘ ਬਟਾਲਾ, ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ, ਪ੍ਰਧਾਨ ਬਲਵਿੰਦਰ ਸਿੰਘ ਚੱਕ ਯਾਕੂਬ ਨੇ ਮਿਲਕੇ ਗਾਇਨ ਕੀਤਾ। ਵਾਰ ਦੇ ਭੋਗ ਤੋਂ ਬਾਅਦ ਮੇਲੇ ਦੇ ਦਿਵਾਨ ਆਰੰਭ ਹੋਏ।

**ਹੱਲੇ ਦੇ ਦਿਵਾਨ–** ਜਥੇਦਾਰ ਸੁਖਵੰਤ ਸਿੰਘ ਮੁਹਾਵਾ, ਸੂਬਾ ਅਜੀਤ ਸਿੰਘ ਬਟਾਲਾ, ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ, ਕਵੀਸ਼ਰ ਗੁਰਸੇਵਕ ਸਿੰਘ, ਮਲ ਸਿੰਘ, ਜਰਨੈਲ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਨਿਸ਼ਾਨ ਸਿੰਘ ਦਿੱਲੀ, ਕਵੀਸ਼ਰ ਗੁਰਸੇਵਕ ਸਿੰਘ, ਦਿਲਬਾਗ ਸਿੰਘ ਵਲਟੋਹਾ ਨੇ ਹੱਲੇ ਦੇ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਦਿਵਾਨ ਸਜਾਇਆ। ਸੰਤ ਨਿਸ਼ਾਨ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਦੀ ਮਹਿਮਾ ਬਾਰੇ ਚਾਨਣਾ ਪਾਂਦਿਆਂ ਦੱਸਿਆ ਕਿ ਵਡਾ ਸਾਹੂਕਾਰ ਕੌਣ ਹੈ ? ਪਰ ਸੰਸਾਰ ਇਸ ਨੂੰ ਨਹੀਂ ਸਮਝਦਾ।

**ਜਥੇਦਾਰ ਜਸਬੀਰ ਸਿੰਘ ਖਿਆਲਾ–** ਨੇ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ਼ਬਦ ਗਾਇਨ ਕੀਤੇ-

*ਨਹੀਂ ਹਮ ਇਸ ਦੇ ਜੋਗੀ ਹਮਾਰਾ ਪੰਥ ਨਿਆਰਾ ਏ।*

ਸ੍ਰੀ ਸਤਿਗੁਰੂ ਜੀ ਨੇ ਸਾਰੇ ਸਿਖਾਂ ਦੇ ਗ੍ਰਹਿ ਚਰਨ ਪਾਏ। ਸਰਪੰਚ ਸਰਬਜੀਤ ਸਿੰਘ ਤੇ ਜਥੇਦਾਰ ਜਸਬੀਰ ਸਿੰਘ ਖਿਆਲਾ ਨੇ ਮਿਲਕੇ ਇਹ ਮੇਲਾ ਕੀਤਾ।

**ਨਿਤਨੇਮ–** ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਇਕ ਘੰਟਾ ਨਿਤਨੇਮ ਕੀਤਾ ਗਿਆ। ਦੂਰ ਦੁਰਾਡੇ ਤੋਂ ਸਾਧ ਸੰਗਤ ਨੇ ਆਕੇ ਮੇਲੇ ਦੀ ਰੌਣਕ ਨੂੰ ਵਧਾਇਆ ਅਤੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕੀਤੇ।

**ਸਨਮਾਨਿਤ ਸਖਸ਼ੀਅਤਾਂ–** ਸ੍ਰੀ ਤਿਲਕਰਾਜ, ਡੀ. ਐਸ. ਪੀ. ਅਜਨਾਲਾ, ਸ. ਪਰਮਜੀਤ ਸਿੰਘ ਐਸ. ਐਚ. ਓ. ਲੋਪੋ, ਸ. ਪਰਮਿੰਦਰ ਸਿੰਘ ਸੇਠ ਸਾਬਕਾ ਟਰਾਂਸਪੋਰਟ ਮੰਤਰੀ, ਸ. ਹਰਇਕਬਾਲ ਸਿੰਘ ਸਰਪੰਚ ਲੋਪੋ ਪਿੰਡ ਅਜਨਾਲਾ।

**ਸਟੇਜ ਸਕੱਤਰਤਾ–** ਸ੍ਰੀ ਬਲਵਿਦਰ ਸਿੰਘ ਤੇ ਸੰਤ ਰਵਿੰਦਰ ਸਿੰਘ ਜੋਹਲ ਨੇ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਉਪਦੇਸ਼ ਸਾਧ ਸੰਗਤ ਦੇ ਭਲੇ ਵਾਸਤੇ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਸਾਰੇ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਕੇ 1 ਘੰਟਾ ਨਿਤਨੇਮ ਕਰਿਆ ਕਰੋ। ਇਥੋਂ ਦੇ ਸਾਧੂ ਸੰਤਾਂ ਨੇ ਬਹੁਤ ਤਪ ਕੀਤਾ ਹੈ। ਸਾਨੂੰ ਉਹਨਾਂ ਤੋਂ ਸਿਖਿਆ ਲੈਣੀ ਚਾਹੀਦੀ ਹੈ।

ਜਥੇਦਾਰ ਜਸਬੀਰ ਸਿੰਘ ਖਿਆਲਾ, ਸਰਪੰਚ ਸਰਬਜੀਤ ਸਿੰਘ ਤੇ ਸਮੂਹ ਨਗਰ ਨਿਵਾਸੀ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਮੇਲਾ ਨਿਰਵਿਘਨ ਸਮਾਪਤ ਹੋਇਆ।


***–ਗੁਰਦੇਵ ਸਿੰਘ ਚੀਮਾ, ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ***

## ਹਫਤਾਵਾਰੀ ਦਿਵਾਨ

**ਯਮੁਨਾ ਨਗਰ**–ਨਾਮਧਾਰੀ ਸਾਧ ਸੰਗਤ ਜਮਨਾ ਨਗਰ ਵਲੋਂ ਜੋ ਕਿ ਪਿਛਲੇ ਕਾਫੀ ਸਮੇਂ ਤੋਂ ਸੂਬਾ ਬਲਦੇਵ ਸਿੰਘ ਦੇ ਉਪਰਾਲੇ ਤੇ ਸਾਧ ਸੰਗਤ ਦੇ ਸਹਿਯੋਗ ਨਾਲ ਘਰੋਂ ਘਰੀਂ ਹਰ ਸ਼ਨੀਵਾਰ ਨੂੰ ਨਾਮ ਸਿਮਰਨ ਤੇ ਦਿਵਾਨਾਂ ਦਾ ਪ੍ਰੋਗਰਾਮ ਚਲ ਰਿਹਾ ਹੈ ਜਿਸ ਵਿਚ ਸਾਧ ਸੰਗਤ ਦਾ ਕਾਫੀ ਇਕਠ ਹੁੰਦਾ ਹੈ।

ਇਸ ਵਾਰੀ ਯਮੁਨਾ ਨਗਰ ਦੇ ਠੇਕੇਦਾਰ ਜਸਬੀਰ ਸਿੰਘ ਕਲੰਦੀ ਕਲੋਨੀ ਵਾਲਿਆਂ ਦੇ ਗ੍ਰਹਿ ਵਿਖੇ ਸੀ। 6 ਤੋਂ 7 ਵਜੇ ਤਕ ਨਿਤਨੇਮ ਹੋਇਆ। ਜਥੇਦਾਰ ਸੰਤੋਖ ਸਿੰਘ ਆਪਣੇ ਜਥੇ ਸਮੇਤ ਇਸ ਪ੍ਰੋਗਰਾਮ ਵਾਸਤੇ ਉਚੇਚੇ ਤੌਰ ਤੇ ਦਰਸ਼ਨ ਦਿੱਤੇ। ਉਹਨਾਂ ਨੇ ਆਪਣੇ ਦਿਵਾਨ ਦਾ ਆਰੰਭ "ਆਉ ਸੰਤ ਪਿਆਰੇ ਮੰਗਲ ਗਾਓ ਨਾਰੇ" ਦੀ ਧਾਰਨਾ ਨਾਲ ਆਰੰਭ ਕੀਤਾ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਕੌਤਕ ਸਾਧ ਸੰਗਤ ਨੂੰ ਬੜੇ ਸੁਹਣੇ ਤੇ ਸੁਰੀਲੀ ਆਵਾਜ਼ ਵਿਚ ਸਰਵਣ ਕਰਵਾਏ। ਫਿਰ ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ ਸਾਧ ਸੰਗਤ ਨੂੰ ਸਰਵਣ ਕਰਵਾਇਆ। ਉਪਰੰਤ ਸੂਬਾ ਬਲਦੇਵ ਸਿੰਘ ਨੇ ਪ੍ਰੋਗਰਾਮ ਸਮਾਪਤੀ ਦੀ ਅਰਦਾਸ ਕੀਤੀ ਤੇ ਦੂਰੋਂ ਨੇੜਿਓਂ ਆਈ ਸੰਗਤ ਦਾ ਧੰਨਵਾਦ ਕੀਤਾ। ਪ੍ਰਧਾਨ ਬਲਵੰਤ ਸਿੰਘ ਨੇ ਸੇਵਾ ਕਰਨ ਵਾਲੀਆਂ ਬੀਬੀਆਂ ਨੂੰ ਸਨਮਾਨਿਤ ਕੀਤਾ। **ਗੁਰਚਰਨ ਸਿੰਘ ਨਾਮਧਾਰੀ, ਯਮੁਨਾ ਨਗਰ**

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ



**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬੀਬੀ ਨਰਿੰਦਰ ਕੌਰ ਤੇ ਬਖਸ਼ਸ਼ (ਫਾਈਲ ਫੋਟੋ)**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਸ੍ਰੀ ਉਦੈ ਸਿੰਘ ਜੀ ਦੀਆਂ ਖੁਸ਼ੀਆਂ ਦੀ ਪਾਤਰ, ਸ੍ਰੀ ਬੀਬਾ ਜੀ ਦੀ ਅਧਿਆਪਕ ਅਤੇ ਕਈ ਸੰਗੀਤਕਾਰਾਂ ਨੂੰ ਮੁਢਲੀ ਸੰਗੀਤਕ ਸਿੱਖਿਆ, ਸੁਰਾਂ, ਧੁਨਾਂ ਦੀ ਸਿਖਿਆ ਦੇਣ ਵਾਲੀ ਸੋਭਾਵੰਤੀ ਨਾਰ ਬੀਬੀ ਨਰਿੰਦਰ ਕੌਰ ਜੋ 1 ਜਨਵਰੀ 2015 ਨੂੰ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਹੋਇਆਂ ਇਸ ਅਸਾਰ ਸੰਸਾਰ ਤੋਂ ਸੇਵਾ ਸਿਮਰਨ ਕਰਦਿਆਂ ਸਦਾ ਲਈ ਗੁਰੂ ਚਰਨਾਂ ਵਿਚ ਜਾ ਬਰਾਜੇ ਸਨ ਉਹਨਾਂ ਦੀ ਯਾਦ ਉਹਨਾਂ ਦੇ ਪਰਿਵਾਰ ਵਲੋਂ ਨਾਮਧਾਰੀ ਗੁਰਦੁਆਰਾ ਟਰਾਂਟੋ ਵਿਚ ਨਾਮ ਸਿਮਰਨ, ਕਥਾ-ਕੀਰਤਨ ਕਰਕੇ ਇਕ ਸਧਾਰਨ ਪਾਠ ਦਾ ਭੋਗ ਪਾ ਕੇ ਮਨਾਈ ਗਈ।

ਸਭ ਤੋਂ ਪਹਿਲਾਂ ਸਾਧ ਸੰਗਤ ਨੇ ਨਾਮ ਸਿਮਰਨ ਕਰਦਿਆਂ ਇਕ ਘੰਟੇ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਉਪਦੇਸ਼ ਸਰਵਣ ਕੀਤੇ। ਨਾਮ ਸਿਮਰਨ ਉਪਰੰਤ ਸੰਤ ਅਜੀਤ ਸਿੰਘ ਲਾਇਲ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਬੀਬੀ ਜੀ ਦੀ ਯਾਦ ਵਿਚ ਇਕ ਸ਼ੇਅਰ ਸੁਣਾਉਂਦਿਆਂ ਬੀਬੀ ਜੀ ਦੀ ਪੋਤੀ ਦੇ ਬੱਚਿਆਂ ਦਇਆ ਸਿੰਘ ਤੇ ਦਾਨ ਸਿੰਘ ਨੂੰ ਸ਼ਬਦ ਸੁਣਾਉਣ ਲਈ ਸਟੇਜ ਤੇ ਬੁਲਾਇਆ। ਉਹਨਾਂ ਦਾ ਸ਼ਬਦ ਸੀ– ***ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ।।***

ਇਹਨਾਂ ਨਾਲ ਤਬਲੇ ਤੇ ਸੰਗਤ ਸੰਤ ਗੁਰਦਿਤ ਸਿੰਘ ਨੇ ਕੀਤੀ।

ਬੀਬੀ ਜੀ ਦੀ ਪੋਤੀ ਬੀਬੀ ਸ਼ਰਨਪ੍ਰੀਤ ਨੇ ਸ਼ਬਦ ਸੁਣਾਇਆ– *ਬਿਸਰਤ ਨਾਹਿ ਮਨ ਤੇ ਹਰੀ।।*

ਇਹਨਾਂ ਨਾਲ ਦਿਲਰੁਬਾ ਤੇ ਸੰਤ ਹਰਦਿਆਲ ਸਿੰਘ ਤੇ ਤਬਲੇ ਤੇ ਸੰਤ ਗੁਰਦਿਤ ਸਿੰਘ ਨੇ ਸਾਥ ਦਿੱਤਾ। ਲਾਇਲ ਜੀ ਨੇ ਦੱਸਿਆ ਕਿ ਸੰਗੀਤ ਪਿਆਰ ਦੀ ਭਾਸ਼ਾ ਹੈ। ਸੰਗੀਤ ਪਿਆਰ ਦਾ ਸੰਦੇਸ਼ ਦੇਂਦਾ ਹੈ। ਬੀਬੀ ਜੀ ਨੇ ਸੰਗੀਤ ਦੀਆਂ ਕਲਮਾਂ ਲਗਾਈਆਂ। ਸੰਗੀਤ ਦੀਆਂ ਦਾਬਾਂ ਉਗਾਈਆਂ। ਹੁਣ ਬੀਬੀ ਜੀ ਦੇ ਸਾਰੇ ਪਰਿਵਾਰ ਨੇ ਹੀ ਸਟੇਜ ਸੰਭਾਲਿਆ ਹੋਇਆ ਸੀ। ਪੋਤਰੇ ਹਰਨਾਮ ਸਿੰਘ ਨੇ ਸ਼ਬਦ ਸੁਣਾਇਆ : ***ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ।।***

ਇਹਨਾਂ ਨਾਲ ਤਬਲੇ ਤੇ ਸੰਗਤ ਬੀਬੀ ਜੀ ਦੇ ਪੁੱਤਰ ਸੰਤ ਹਰਪਾਲ ਸਿੰਘ ਕੱਲਾ ਤੇ ਸੰਤੂਰ ਤੇ ਬੀਬੀ ਜੀ ਦੇ ਪੋਤਰੇ ਸੰਤ ਹਰਦਿਆਲ ਸਿੰਘ ਕੱਲਾ ਨੇ ਕੀਤੀ।

ਹੁਣ ਬੀਬੀ ਰਜੀ ਦੇ ਵੱਡੇ ਪੁੱਤਰ ਸੰਤ ਅੰਮ੍ਰਿਤਪਾਲ ਸਿੰਘ ਕੱਲਾ ਦੀ ਵਾਰੀ ਆਈ ਤਾਂ ਉਹਨਾਂ ਸ਼ਬਦ ਸੁਣਾਇਆ– ***ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ।।***

ਇਹਨਾਂ ਨਾਲ ਤਬਲੇ ਤੇ ਸੰਗਤ ਬੀਬੀ ਜੀ ਦੇ ਭਰਾ ਸੰਤ ਕਿਰਪਾਲ ਸਿੰਘ ਨੇ ਕੀਤੀ।

ਸੰਤ ਬਲਦੇਵ ਸਿੰਘ ਰਾਗੀ, ਸੰਤ ਗੁਰਬਖਸ਼ ਸਿੰਘ ਪੁਤਰ ਸਵ: ਸੰਤ ਤਰਸੇਮ ਸਿੰਘ, ਮਸਤਾਨਾ ਰੇਸ਼ਮ ਸਿੰਘ, ਸੂਬਾ ਗੁਰਦਿਆਲ ਸਿੰਘ ਅਤੇ ਸੂਬਾ ਰੇਸ਼ਮ ਸਿੰਘ ਨੇ ਆਪਣੇ ਆਪਣੇ ਸ਼ਬਦਾਂ ਰਾਹੀਂ ਬੀਬੀ ਜੀ ਨੂੰ ਯਾਦ ਕੀਤਾ। ਲਾਇਲ ਜੀ ਨੇ ਆਪਣੀ ਕਵਿਤਾ ਦੁਆਰਾ ਬੀਬੀ ਜੀ ਨੂੰ ਯਾਦ ਕੀਤਾ।

ਸੰਤ ਹਰਪਾਲ ਸਿੰਘ ਕੱਲਾ ਨੇ ਕਿਹਾ ਕਿ ਸਾਨੂੰ ਬੀਬੀ ਜੀ ਤੇ ਪਿਤਾ ਜੀ ਨੇ ਹਮੇਸ਼ਾਂ ਚੰਗੀ ਸਿਖਿਆ ਹੀ ਦਿੱਤੀ। ਪਿਤਾ ਜੀ ਨੇ ਹਮੇਸ਼ਾਂ ਇਹ ਕਹਿਣਾ ਕਿ ਕੋਠੀ ਵਾਲੇ ਤੋਂ ਡਰਿਓ ਉਹਨਾਂ ਨੂੰ ਕਦੇ ਨਾਹ ਨਾ ਕਹੀਓ। ਭਾਵ ਸੱਚੇ ਪਾਤਸ਼ਾਹ ਜੀ ਦੇ ਹੁਕਮ ਵਿਚ ਰਹਿਓ। ਇਹ ਹੀ ਸਭ ਕੁਝ ਹਨ, ਹੁਕਮ ਵਿਚ ਰਹਿਣ ਨਾਲ ਹੀ ਸੁਖ ਹੈ।

ਉਪਰੰਤ ਸਧਾਰਨ ਪਾਠ ਦਾ ਭੋਗ ਬੀਬੀ ਜੀ ਦੀ ਯਾਦ ਵਿਚ ਪਾਇਆ ਗਿਆ। ਨੌਜਵਾਨ ਹਰਦਿਆਲ ਸਿੰਘ ਤੇ ਬਚਨ ਸਿੰਘ ਨੇ ਨੌਵੇਂ ਮਹੱਲੇ ਦੇ ਸਲੋਕ ਪੜ੍ਹੇ। ਸੂਬਾ ਰੇਸ਼ਮ ਸਿੰਘ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ। **–ਗੁਰਦੀਪ ਸਿੰਘ ਨਾਮਧਾਰੀ ਕਨੇਡਾ**

# ਦੋਵੇਂ ਸਤਿਗੁਰੂ ਸਾਹਿਬਾਨਾਂ ਦਾ ਪ੍ਰਕਾਸ਼ ਉਤਸਵ ਮੇਲਾ

**ਯਮੁਨਾ ਨਗਰ–** ਨਾਮਧਾਰੀ ਧਰਮਸ਼ਾਲਾ ਪੁਰਾਣਾ ਹਮੀਦਾ ਵਿਖੇ ਦਿਨ ਬੁਧਵਾਰ ਮਿਤੀ 25 ਨਵੰਬਰ 2015 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਮਨਮੋਹਨ ਸਿੰਘ ਤੇ ਜਥੇਦਾਰ ਬਿਹਾਗ ਸਿੰਘ ਨੇ ਆਪਣੇ ਸਥਾਨਕ ਜਥੇ ਨਾਲ ਮਿਲ ਕੇ ਬੜਾ ਰਸਮਈ ਕੀਰਤਨ ਕੀਤਾ। ਉਪਰੰਤ ਸੂਬਾ ਬਲਦੇਵ ਸਿੰਘ ਨੇ ਆਸਾ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਕੀਤੀ। ਉਸ ਤੋਂ ਬਾਅਦ 7.30 ਵਜੇ ਜਥੇਦਾਰ ਸੰਤੋਖ ਸਿੰਘ ਅਮਰਾਸਰ ਵਾਲੇ ਆਪਣੇ ਜਥੇ ਸਮੇਤ ਉਚੇਚੇ ਤੌਰ ਤੇ ਇਸ ਪ੍ਰੋਗਰਾਮ ਵਾਸਤੇ ਪੁਜੇ ਸਨ, ਉਹਨਾਂ ਨੇ ਆਪਣੇ ਦਿਵਾਨ ਦਾ ਆਰੰਭ

*ਆਉ ਮੀਤ ਹਮਾਰੇ ਮੰਗਲ ਗਾਉ ਨਾਰੇ।।*

ਦੀ ਧਾਰਨਾ ਲਾ ਕੇ ਆਰੰਭ ਕੀਤਾ। ਉਹਨਾਂ ਸਭਨਾ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਭ ਨੂੰ ਲੱਖ ਲੱਖ ਵਧਾਈ ਦਿੱਤੀ। ਫਿਰ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਸਾਧ ਸੰਗਤ ਨੂੰ ਸਰਵਣ ਕਰਵਾਇਆ। ਉਸ ਤੋਂ ਬਾਅਦ ਉਹਨਾਂ ਨੇ ਭਗਤ ਨਾਮਦੇਵ ਦਾ ਪ੍ਰਸੰਗ ਸਰਵਣ ਕਰਵਾਇਆ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਤਿਹਾਸ ਸਾਧ ਸੰਗਤ ਨੂੰ ਬੜੀ ਸੁਰੀਲੀ ਤੇ ਮਿਠੀ ਧਾਰਨਾ ਲਾ ਕੇ ਸਤਿਗੁਰੂ ਜੀ ਦੇ ਅਨੇਕ ਕੌਤਕ ਸਾਧ ਸੰਗਤ ਨੂੰ ਸਰਵਣ ਕਰਵਾਏ ਕਿ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਦੇਸਾਂ ਪ੍ਰਦੇਸਾਂ ਵਿਚ ਜਾ ਕੇ ਸਾਧ ਸੰਗਤ ਤੇ ਪਰਉਪਕਾਰ ਕੀਤੇ। ਉਹਨਾਂ ਨੇ ਕਰੀਬ 3 ਘੰਟੇ ਖੜੇ ਹੋ ਕੇ ਬੜਾ ਜੋਸ਼ੀਲਾ ਦਿਵਾਨ ਲਗਾਇਆ। ਇਕ ਕਵਿਤਾ ਉਹਨਾਂ ਦੇ ਢੁਲਕਈਏ 'ਜੋਗੀ' ਨੇ ਗੁਰੂ ਨਾਨਕ ਦੇਵ ਜੀ ਦੀ ਸਾਧ ਸੰਗਤ ਨੂੰ ਸਰਵਣ ਕਰਵਾਈ।

ਅਖੀਰ ਤੇ ਉਹਨਾਂ ਨੇ ਬੜੀ ਉਚੀ ਸੁਰ ਵਿਚ–

*ਅਜ ਦਿਨ ਭਾਗਾਂ ਵਾਲਾ ਚੜ੍ਹਿਆ ਅਜ ਮੇਰਾ ਸਤਿਗੁਰ ਆਇਆ ਏ।*

ਪੜ੍ਹੀ ਤੇ ਸੰਗਤ ਨੂੰ ਦਿਵਾਨਾ ਬਣਾ ਦਿਤਾ ਤੇ ਦਿਵਾਨ ਦੀ ਸਮਾਪਤੀ ਕੀਤੀ। ਉਪਰੰਤ ਸੂਬਾ ਬਲਦੇਵ ਸਿੰਘ ਨੇ ਪ੍ਰੋਗਰਾਮ ਦੀ ਸਮਾਪਤੀ ਦੀ ਅਰਦਾਸ ਕੀਤੀ। ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। **–ਗੁਰਚਰਨ ਸਿੰਘ ਨਾਮਧਾਰੀ, ਯਮੁਨਾ ਨਗਰ**

Date of Publication: 23/12/2015, Date of Posting: 24-25/12/2015
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਖਿਆਲਾ (ਅੰਮ੍ਰਿਤਸਰ) ਵਿਖੇ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਆਪਣੇ ਆਸਣ ਤੇ ਸੁਭਾਇਮਾਨ, ਨਾਲ ਹਨ ਸੂਬਾ ਅਮਰੀਕ ਸਿੰਘ, ਸੇਵਕ ਕਰਤਾਰ ਸਿੰਘ, ਸੇਵਕ ਸਤਨਾਮ ਸਿੰਘ, ਸੇਵਕ ਆਸਾ ਸਿੰਘ ਆਦਿ।



ਸ੍ਰੀ ਸਤਿਗੁਰੂ ਜੀ ਨੇ ਕਾਕਾ ਹਰਜੋਤ ਸਿੰਘ ਅਤੇ ਕਾਕਾ ਸੰਤਾ ਸਿੰਘ ਪੁੱਤਰ ਸੰਤ ਸਰਬਜੀਤ ਸਿੰਘ-ਬੀਬੀ ਸੁਰਿੰਦਰ ਕੌਰ (ਪਿੰਡ ਭਟਨੂਰਾ ਜਲੰਧਰ ਕਪੂਰਥਲਾ) ਨੂੰ ਦਸਤਾਰ ਸਜਾਉਂਣ ਦੀ ਕਿਰਪਾ ਕੀਤੀ।



ਮੋਹਾਲੀ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਦਾ ਦਿਨ ਮਨਾਇਆ ਗਿਆ ਜਿਸ ਵਿੱਚ ਰਾਗੀ ਜਵੰਦ ਸਿੰਘ ਜਥੇ ਸਮੇਤ ਦੀਵਾਨ ਸਜਾਉਂਦੇ ਹੋਏ।



ਬੈਂਕੋਕ ਵਿਖੇ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸਮਾਗਮ ਸਮੇਂ ਰਾਗੀ ਹਰਬੰਸ ਸਿੰਘ ਘੁਲਾ ਸਾਥੀਆਂ ਸਮੇਤ ਗੁਰੂ ਦੀ ਮਹਿਮਾ ਬਹੁਤ ਸੋਹਣੇ ਅੰਦਾਜ ਵਿੱਚ ਗਾਇਨ ਕਰਦੇ ਹੋਏ।



ਅੰਮ੍ਰਿਤਸਰ ਮੇਲੇ ਸਮੇਂ ਜਥੇਦਾਰ ਨਿਸ਼ਾਨ ਸਿੰਘ ਕਥਾ ਵਾਚਕ (ਸ੍ਰੀ ਭੈਣੀ ਸਾਹਿਬ) ਕਥਾ ਰਾਹੀ ਗਰੂ ਹਰ ਜਸ ਕਰਦੇ ਹੋਏ।



ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਸੰਤ ਲਖਵਿੰਦਰ ਸਿੰਘ (ਹਾਰਮੋਨੀਅਮ) ਕਾਕਾ ਗੰਗਾ ਸਿੰਘ (ਢੋਲਕੀ) ਦੀਵਾਨ ਸਜਾਉਂਦੇ ਹੋਏ।



ਫਗਵਾੜਾ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਦੀ ਯਾਦ ਵਿੱਚ ਕਾਕਾ ਸਵਰਣ ਸਿੰਘ (ਹਾਰਮੋਨੀਅਮ) ਕਾਕਾ ਜਸਕਰਨ ਸਿੰਘ (ਤਬਲਾ) ਸ਼ਬਦ ਸਾਧ-ਸੰਗਤ ਨੂੰ ਸਰਵਣ ਕਰਵਾਉਂਦੇ ਹੋਏ।

## ਸਹਾਇਤਾ

| | | |
|---|---|---|
| ਸੰਤ ਰਣਜੀਤ ਸਿੰਘ, ਡਰਬੀ | 25000/- | ਪ੍ਰਕਾਸ਼ ਪੁਰਬ ਤੇ ਸੰਗੀਤ ਸੰਮੇਲਨ ਕਰਵਾਉਣ ਸਮੇਂ |
| ਸੰਤ ਗੁਰਸੇਵ ਸਿੰਘ ਸੂਰਾ, ਲੁਧਿਆਣਾ | 1100/- | ਸ਼ਹੀਦੀ ਸਮਾਰਕ ਵਿਖੇ ਸ਼ਹੀਦਾਂ ਨਮਿਤ ਮੇਲੇ ਸਮੇਂ |
| ਸੰਤ ਗੁਰਮੀਤ ਸਿੰਘ, ਲੁਧਿਆਣਾ | 1100/- | ਹਫਤਾਵਾਰੀ ਸਮਾਗਮ ਸਮੇਂ |
| ਨਾਮਧਾਰੀ ਸੰਗਤ, ਦਿੱਲੀ | 1000/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸੰਤ ਰਮਣੀਕ ਸਿੰਘ ਦਿੱਲੀ | 1000/- | ਸੱਚੇ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ |
| ਮਹੰਤ ਗੁਰਮੁਖ ਸਿੰਘ, ਲੁਧਿਆਣਾ | 500/- | ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ |
| ਪਰਵਾਰ ਬੀਬੀ ਬਲਬੀਰ ਕੌਰ | 500/- | ਬੀਬੀ ਬਲਬੀਰ ਕੌਰ ਨਮਿਤ ਮੇਲੇ ਸਮੇਂ |

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 7.11 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.30 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com

Issue No.38 of 24 December 2015